No. of Printed Pages : 3 **BPBLA-135**

# B.A. General
# Term-End Examination
# June-2024

## BPBLA-135 : Modern Indian Language-Punjabi

*Duration : 3 Hours* *Maximum Marks: 100*

ਛਪੇ ਹੋਏ (ਪ੍ਰਕਾਸ਼ਿਤ) ਪੰਨਿਆਂ ਦੀ ਸੰਖਿਆ : 3 **BPBLA-135**

# ਬੀ ਏ ਜਨਰਲ

## ਟਰਮ-ਐਂਡ ਪ੍ਰੀਖਿਆ

## ਜੂਨ – 2024

## BPBLA-135 : ਆਧੁਨਿਕ ਭਾਰਤੀ ਭਾਸ਼ਾ - ਪੰਜਾਬੀ

*ਸਮਾਂ : 3 ਘੰਟੇ* *ਵੱਧ ਤੋਂ ਵੱਧ ਅੰਕ : 100*

**ਨੋਟ:** (i) ਇਸ ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ। ਹਰ ਭਾਗ ਦੇ ਸਾਹਮਣੇ ਦਿੱਤੀਆਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ।

(ii) ਪਹਿਲੇ ਭਾਗ ਵਿੱਚੋਂ ਪੰਜ, ਦੂਜੇ ਵਿੱਚੋਂ ਚਾਰ ਅਤੇ ਤੀਜੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।



## ਭਾਗ ਪਹਿਲਾ

ਹੇਠ ਦਿੱਤਿਆਂ ਵਿੱਚੋਂ ਕੋਈ ਪੰਜ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਸਹਿਤ ਦਿਓ।

5x12=60

1. ਪੰਜਾਬੀ ਭਾਸ਼ਾ ਦੇ ਨਿਕਾਸ ਤੇ ਵਿਕਾਸ ਨਾਲ ਜਾਣ-ਪਛਾਣ ਕਰਾਉਂਦੇ ਹੋਏ, ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਵੀ ਦੱਸੋ।
2. ਪੰਜਾਬੀ ਦੀਆਂ ਸਵਰ ਅਤੇ ਵਿਅੰਜਨ ਧੁਨੀਆਂ ਉੱਤੇ ਵਿਸਤ੍ਰਿਤ ਨੋਟ ਲਿਖੋ।
3. ਪੰਜਾਬ ਦੇ ਮੇਲਿਆਂ ਅਤੇ ਤਿਓਹਾਰਾਂ ਬਾਰੇ ਵਿਸਤਾਰ ਸਹਿਤ ਦੱਸੋ।
4. ਪੰਜਾਬੀ ਸੂਫ਼ੀ ਅਤੇ ਗੁਰਮਤਿ ਕਾਵਿ-ਧਾਰਾ ਬਾਰੇ ਵਿਸਤ੍ਰਿਤ ਨੋਟ ਲਿਖੋ।
5. ਆਧੁਨਿਕ ਪੰਜਾਬੀ ਕਵਿਤਾ ਦੀਆਂ ਮੁੱਖ ਕਾਵਿ-ਧਾਰਾਵਾਂ ਕਿਹੜੀਆਂ ਹਨ ? ਚਰਚਾ ਕਰੋ।
6. 'ਕਬਾਬ ਵਿਚ ਹੱਡੀ' ਇਕਾਂਗੀ ਦੀ ਮੂਲ ਸਮੱਸਿਆ ਨਾਲ ਜਾਣ-ਪਛਾਣ ਕਰਾਉਂਦੇ ਹੋਏ, ਇਸ ਦੇ ਕਲਾ ਪੱਖ ਬਾਰੇ ਵਿਸਤਾਰ ਸਹਿਤ ਦੱਸੋ।
7. ਆਧੁਨਿਕ ਪੰਜਾਬੀ ਵਾਰਤਕ ਦੇ ਇਤਿਹਾਸ ਉੱਤੇ ਵਿਸਤ੍ਰਿਤ ਨੋਟ ਲਿਖੋ।
8. 'ਸ਼ੇਰਨੀਆਂ' ਕਹਾਣੀ ਦਾ ਆਲੋਚਨਾਤਮਕ ਅਧਿਐਨ ਕਰੋ।

## ਭਾਗ ਦੂਜਾ

ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਚਾਰ ਦਾ ਲਗਭਗ 400 ਸ਼ਬਦਾਂ ਵਿੱਚ ਉੱਤਰ ਦਿਓ। 4x7=24

9. ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਵਧ ਰਹੇ ਪ੍ਰਦੂਸ਼ਣ ਬਾਰੇ ਲਿਖੋ।
10. ਪੰਜਾਬ ਦੇ ਲੋਕ ਗੀਤਾਂ ਨਾਲ ਜਾਣ-ਪਛਾਣ ਕਰਾਓ।
11. ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।
12. 'ਰਿਸ਼ਵਤ' ਲੇਖ ਵਿਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।
13. ਸੋਸ਼ਲ ਮੀਡੀਆ ਬਾਰੇ ਤੁਸੀਂ ਕੀ ਜਾਣਦੇ ਹੋ? 400 ਸ਼ਬਦਾਂ ਵਿੱਚ ਲਿਖੋ।

## ਭਾਗ ਤੀਜਾ

ਸਾਰੇ ਪ੍ਰਸ਼ਨਾ ਦੇ ਸੰਖੇਪ ਵਿੱਚ ਉੱਤਰ ਦਿਓ। 6x2=12

14. ਮਾਝੀ ਉਪਭਾਸ਼ਾ ਦੀਆਂ ਕੀ ਵਿਸ਼ੇਸ਼ਤਾਵਾਂ ਹਨ?
15. ਜਰਗ ਦਾ ਮੇਲਾ ਕਦੋਂ ਅਤੇ ਕਿੱਥੇ ਲਗਦਾ ਹੈ?
16. ਗੁਰੂ ਨਾਨਕ ਦੇਵ ਦੇ ਸਲੋਕ ''ਸਉ ਮਣ ਹਸਤੀ ਘਿਓ ਗੁੜ ਖਾਵੈ ਪੰਜਿ ਸੈ ਦਾਣਾ ਖਾਇ'' ਵਿਚ ਕੀ ਕਿਹਾ ਗਿਆ ਹੈ?
17. 'ਪੰਜਾਬ ਦੇ ਮਜ਼ੂਰ' ਕਵਿਤਾ ਦਾ ਕੇਂਦਰੀ ਭਾਵ ਕੀ ਹੈ।
18. 'ਮਾਂ' ਕਵਿਤਾ ਵਿਚ ਕਵੀ ਅਨੁਸਾਰ ਰੱਬ ਨੇ ਸਵਰਗ ਕਿਵੇਂ ਬਣਾਇਆ?
19. ਪੰਜਾਬੀ ਦੇ ਕੋਈ ਦੋ ਵਾਰਤਕ ਲੇਖਕਾਂ ਦੇ ਨਾਂ ਲਿਖੋ।